# ਦਫ਼ਤਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ

ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਸਧਾਰਨ ਮੀਟਿੰਗ ਮਿਤੀ: 18-04-2022 ਨੂੰ ਸਮਾਂ ਸਵੇਰੇ 10:00 ਵਜੇ ਸ੍ਰੀ ਅਮਰਜੀਤ ਸਿੰਘ ਸਿੱਧੂ, ਮੇਅਰ, ਨਗਰ ਨਿਗਮ, ਐਸ.ਏ.ਐਸ ਨਗਰ ਜੀ ਪ੍ਰਧਾਨਗੀ ਹੇਠ ਮਿਉਂਸਪਲ ਭਵਨ, ਸੈਕਟਰ-68 ਵਿਖੇ ਹੋਈ। ਜਿਸ ਵਿੱਚ ਹੇਠ ਲਿਖੇ ਮੈਂਬਰ ਸਾਹਿਬਾਨ ਹਾਜ਼ਰ ਆਏ:-

| ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ | ਵਾਰਡ ਨੰ: | ਕੌਂਸਲਰ ਦਾ ਨਾਮ |
|---|---|---|---|---|---|
| 42 | ਸ੍ਰੀ ਅਮਰੀਕ ਸਿੰਘ ਸੋਮਲ, ਸੀਨੀਅਰ ਡਿਪਟੀ ਮੇਅਰ | 18 | ਸ੍ਰੀ ਕੁਲਵੰਤ ਸਿੰਘ | 36 | ਸ੍ਰੀ ਪ੍ਰਮੋਦ ਕੁਮਾਰ |
| 8 | ਸ੍ਰੀ ਕੁਲਜੀਤ ਸਿੰਘ ਬੇਦੀ, ਡਿਪਟੀ ਮੇਅਰ | 19 | ਸ੍ਰੀਮਤੀ ਰਾਜ ਰਾਣੀ ਜੈਨ | 37 | ਸ੍ਰੀਮਤੀ ਗੁਰਪ੍ਰੀਤ ਕੋਰ |
| 1 | ਸ੍ਰੀਮਤੀ ਜਸਪ੍ਰੀਤ ਕੋਰ | 20 | ਸ੍ਰੀ ਰਿਸ਼ਵ ਜੈਨ | 38 | ਸ੍ਰੀ ਸਰਬਜੀਤ ਸਿੰਘ |
| 2 | ਸ੍ਰੀ ਮਨਜੀਤ ਸਿੰਘ ਸੇਠੀ | 21 | ਸ੍ਰੀਮਤੀ ਹਰਸ਼ਪ੍ਰੀਤ ਕੌਰ ਭੰਮਰਾ | 39 | ਸ੍ਰੀਮਤੀ ਕਰਮਜੀਤ ਕੋਰ |
| 3 | ਸ੍ਰੀ ਮਤੀ ਦਵਿੰਦਰ ਕੋਰ ਵਾਲਿਆ | 22 | ਸ੍ਰੀ ਜਸਬੀਰ ਸਿੰਘ ਮੰਣਕੂ | 40 | ਸ੍ਰੀ ਸੁੱਚਾ ਸਿੰਘ ਕਲੋੜ |
| 4 | ਸ੍ਰੀ ਰਜਿੰਦਰ ਸਿੰਘ ਰਾਣਾ | 23 | ਸ੍ਰੀਮਤੀ ਜਤਿੰਦਰ ਕੋਰ | 41 | ਸ੍ਰੀਮਤੀ ਕੁਲਵੰਤ ਕੋਰ |
| 5 | ਸ੍ਰੀਮਤੀ ਰੁਪਿੰਦਰ ਕੋਰ ਰੀਨਾ | 24 | ਸ੍ਰੀ ਚਰਨ ਸਿੰਘ ਮਾਸਟਰ | 43 | ਸ੍ਰੀਮਤੀ ਹਰਵਿੰਦਰ ਕੋਰ |
| 6 | ਸ੍ਰੀ ਜਸਪ੍ਰੀਤ ਸਿੰਘ ਗਿੱਲ | 25 | ਸ੍ਰੀ ਮਨਜੀਤ ਕੋਰ | 44 | ਸ੍ਰੀ ਜਗਦੀਸ ਸਿੰਘ |
| 7 | ਸ੍ਰੀਮਤੀ ਬਲਜੀਤ ਕੋਰ | 26 | ਸ੍ਰੀ ਰਵਿੰਦਰ ਸਿੰਘ | 45 | ਸ੍ਰੀਮਤੀ ਮੀਨਾ ਕੌਂਡਲ |
| 9 | ਸ੍ਰੀਮਤੀ ਬਲਰਾਜ ਕੋਰ | 27 | ਸ੍ਰੀਮਤੀ ਪਰਵਿੰਦਰ ਕੋਰ | 46 | ਸ੍ਰੀ ਰਵਿੰਦਰ ਸਿੰਘ |
| 11 | ਸ੍ਰੀਮਤੀ ਅਨੁਰਾਧਾ ਆਨੰਦ ਅੰਨੁ | 29 | ਸ੍ਰੀਮਤੀ ਕੁਲਦੀਪ ਕੋਰ | 47 | ਸ੍ਰੀਮਤੀ ਸੁਮਨ |
| 12 | ਸ੍ਰੀ ਪਰਮਜੀਤ ਸਿੰਘ ਹੈਪੀ | 30 | ਸ੍ਰੀ ਵਿਨੀਤ ਮਲਿਕ | 48 | ਸ੍ਰੀ ਨਰਾਇਣ ਸਿੰਘ ਸਿੱਧੂ |
| 13 | ਸ੍ਰੀਮਤੀ ਨਮਰਤਾ ਸਿੰਘ | 31 | ਸ੍ਰੀਮਤੀ ਕੁਲਜਿੰਦਰ ਕੋਰ | 49 | ਸ੍ਰੀਮਤੀ ਗੁਰਪ੍ਰੀਤ ਕੋਰ |
| 14 | ਸ੍ਰੀ ਕਮਲਪ੍ਰੀਤ ਸਿੰਘ ਬਨੀ | 32 | ਸ੍ਰੀ ਹਰਜੀਤ ਸਿੰਘ ਬੈਦਵਾਨ | 50 | ਸ੍ਰੀਮਤੀ ਗੁਰਮੀਤ ਕੌਰ |
| 16 | ਸ੍ਰੀ ਨਰਪਿੰਦਰ ਸਿੰਘ ਰੰਗੀ | 34 | ਸ੍ਰੀ ਸੁਖਦੇਵ ਸਿੰਘ | | |
| 17 | ਸ੍ਰੀਮਤੀ ਰਾਜਵੀਰ ਕੋਰ ਗਿੱਲ | 35 | ਸ੍ਰੀ ਅਰੁਨਾ ਸ਼ਰਮਾ | | |

| Sr. No. | Resolution No. | Date of Meeting | Resolution Description | Orders of Competent Authority |
|---|---|---|---|---|
| 1) | 120 | 18-04-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਬਜ਼ਟ ਮੀਟਿੰਗ ਅਤੇ ਸਧਾਰਨ ਮੀਟਿੰਗ ਰਾਂਹੀ ਮਿਤੀ: 21-03-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 2) | 121 | 18-04-2022 | ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ ਨਗਰ ਦੀ ਪਿਛਲੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 05-04-2022 ਅਤੇ 12-04-2022 ਦੀ ਕਾਰਵਾਈ ਦੀ ਪੁਸ਼ਟੀ ਕਰਨ ਸਬੰਧੀ। | **ਸਰਬ-ਸੰਮਤੀ ਨਾਲ ਪਿਛਲੀ ਮੀਟਿੰਗ ਦੀ ਪੁਸ਼ਟੀ ਕੀਤੀ ਗਈ।** |
| 3) | 122 | 18-04-2022 | **ਐਮ.ਸੀ ਮੋਹਾਲੀ ਵਿਖ ਟ੍ਰਾਂਸਫਰ ਹੋਏ ਕਰਮਚਾਰੀਆਂ ਦੇ ਈ.ਪੀ.ਐਫ ਸਬੰਧੀ।**<br>ਰਿਪੋਰਟ ਲੇਖਾ ਸ਼ਾਖਾ ਕਿ ਇਸ ਦਫਤਰ ਦੇ ਪੱਤਰ ਨੰ 3317 ਮਿਤੀ 14-02-2022 ਦੇ ਸਬੰਧ ਵਿੱਚ ਮੈਨੇਜਰ (ਈ.ਪੀ.ਐਫ) ਵਲੋਂ ਪੱਤਰ ਨੰ PSIEC/PESS/AC/17015-25 ਮਿਤੀ 06-09-2021 ਰਾਹੀਂ ਨਗਰ ਨਿਗਮ ਐਸ.ਏ.ਐਸ ਨਗਰ ਵਿਖੇ ਟ੍ਰਾਂਸਫਰ ਕਰ ਦਿਤੇ ਗਏ ਹਨ, ਹੁਣ ਨਗਰ ਨਿਗਮ, ਮੋਹਾਲੀ ਆਪਣੇ ਨਿਯਮਾਂ ਅਨੁਸਾਰ ਫੰਡ ਕੱਟਣ ਅਤੇ ਜਮਾਂ ਕਰਵਾਉਣ ਕਿਉਂਕਿ ਬਦਲੀ ਕੀਤੇ ਇਹ ਕਰਮਚਾਰੀ ਇਸ ਨਿਗਮ ਵਿੱਚ ਸਿਰਫ ਆਪਣਾ ਈ.ਪੀ.ਐਫ ਕਢਵਾ ਸਕਦੇ ਹਨ। ਇਸ ਲਈ ਨਗਰ ਨਿਗਮ ਵਿਖੇ 173756 ਮਿਤੀ 10-01-2022 ਰਾਹੀਂ ਰਕਮ 61,618/- ਅਤੇ ਚੈਕ ਨੰ. 173879 ਮਿਤੀ 24-12-2021 ਰਕਮ ਕੁੱਲ 1,66,925/- ਮੂਲ ਰੂਪ ਵਿੱਚ ਵਾਪਿਸ ਕਰਦੇ ਹੋਏ ਬੇਨਤੀ ਕੀਤੀ ਹੈ ਕਿ ਇਸ ਦਾ ਨਿਪਟਾਰਾ ਤੁਸੀ ਆਪਣੇ ਪੱਧਰ ਤੇ ਹੀ ਢੁਕਵੀਂ ਕਾਰਵਾਈ ਕਰ ਲੈਣ ਜੀ।<br>ਇਸ ਦੇ ਸਬੰਧ ਵਿੱਚ ਬੇਨਤੀ ਕਰਨੀ ਯੋਗ ਹੋਵੇਗੀ ਕਿ PSIEC ਵਿਚੋਂ ਹੋਏ ਟ੍ਰਾਂਸਫਰ ਅਤੇ ਨਗਰ ਨਿਗਮ, ਐਸ.ਏ.ਐਸ ਨਗਰ ਵਲੋਂ ਕੀਤੇ ਦਰਜਾ-4 ਆਸਾਮੀਆਂ (ਕੰਟਰੈਕਟ) ਲਈ ਵੀ Department ਵਲੋਂ EPS CODE/ NO. ਲੋੜੀਂਦਾ ਹੈ ਤਾਂ ਜੋ ਸਰਕਾਰ ਦੀ ਹਦਾਇਤਾਂ ਅਨੁਸਾਰ ਇਹਨਾਂ ਦਾ EPF ਕੱਟਿਆ ਜਾ ਸਕੇ ਤੇ ਜਮਾਂ ਕਰਵਾਇਆ ਜਾ ਸਕੇ। ਇਸ ਲਈ ਯੋਗ ਹੋਵੇਗਾ ਕਿ ਇਸ ਕੰਮ ਨੂੰ ਸਿਰੇ ਚਾੜਣ ਲਈ ਅਤੇ EPF recencile ਕਰਨ ਲਈ EPF consultent ਨੂੰ ਹਾਇਰ ਕਰਨ ਲਿਆ ਜਾਵੇ ਤਾਂ ਜੋ ਨਗਰ ਨਿਗਮ, ਐਸ.ਏ.ਐਸ ਨਗਰ ਨੂੰ ਕਿਸੇ ਵੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ। ਇਸ ਦੇ ਲਗਭਗ 5 ਲੱਖ ਸਾਲਾਨਾ ਖਰਚਾ ਆਵੇਗਾ। ਇਸ ਸਬੰਧੀ ਹਾਊਸ ਵਿੱਚ ਮਤਾ ਪਾਉਣਾ ਯੋਗ ਹੈ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਸਰਬ-ਸੰਮਤੀ ਨਾਲ ਪ੍ਰਵਾਨ ਹੈ। |
| 4) | 123 | 18-04-2022 | **ਨਗਰ ਨਿਗਮ ਦੀ ਹਦੂਦ ਅੰਦਰ ਗਮਾਡਾ ਵੱਲੋਂ ਨਵੀਆ ਬਣਾਈ ਗਈਆ ਸੜਕਾਂ ਨਗਰ ਨਿਗਮ ਨੂੰ ਟੇਕ ਓਵਰ ਕਰਨ ਸਬੰਧੀ।**<br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਤੇ ਗਮਾਡਾ ਦੇ ਪਿੱਠ ਅੰਕਣ ਨੰ./ ਨਿ.ਇ. (ਸੀ-1)/2022/163 ਮਿਤੀ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

<table>
<tr><td></td><td></td><td></td><td>07-02-2022 ਰਾਹੀ ਲਿਖਿਆ ਹੈ ਕਿ ਸੈਕਟਰ-48,65,68 ਅਤੇ 70 ਪੂਰੀ ਤਰ੍ਹਾਂ ਪਹਿਲਾ ਤੋਂ ਹੀ ਨਗਰ ਨਿਗਮ ਐਸ.ਏ.ਐਸ. ਨਗਰ ਨੂੰ ਹੈਂਡ ਓਵਰ ਕੀਤੇ ਜਾ ਚੁੱਕੇ ਹਨ ਪਰ ਇਨ੍ਹਾਂ ਸੈਕਟਰਾਂ ਵਿੱਚ ਕੁੱਝ ਸੜਕਾਂ ਦਾ ਕੰਮ ਪੂਰਾ ਨਾ ਹੋਣ ਕਰਾਣ ਹੈਂਡ ਓਵਰ ਨਹੀ ਕੀਤੀਆ ਗਈਆ ਸੀ ਜੋ ਕਿ ਹੁਣ ਮੁਕੰਮਲ ਹੋਣ ਉਪਰੰਤ ਹੈਂਡ ਓਵਰ ਕੀਤੀਆ ਜਾਣੀਆ ਹਨ, ਜਿਨ੍ਹਾਂ ਦੇ ਨਕਸ਼ੇ/ ਪਲੈਨ ਉਹਨਾਂ ਵੱਲੋਂ ਉਕਤ ਪੱਤਰ ਨਾਲ ਨੱਥੀ ਕੀਤੇ ਗਏ ਹਨ। ਇਸ ਲਈ ਸੈਕਟਰ-48,65,68 ਅਤੇ 70 ਦੀਆਂ ਬਕਾਇਆ ਰਹਿੰਦੀ ਸਰਵਿਸ/ਸਲੀਪ ਅਤੇ ਅੰਦਰੂਨੀ ਸੜਕਾਂ ਗਮਾਡਾ ਤੋਂ ਟੇਕ ਓਵਰ ਕਰਨ ਲਈ ਕੇਸ਼ ਹਾਉਸ ਦੀ ਪ੍ਰਵਾਨਗੀ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਣ ਲਈ ਰਿਪੋਰਟ ਪੇਸ਼ ਹੈ ਜੀ। ਗਮਾਡਾ ਵੱਲੋਂ ਹੇਠ ਲਿਖਿਆਂ ਸੜਕਾਂ ਨਗਰ ਨਿਗਮ ਨੂੰ ਹੈਂਡ ਓਵਰ ਕਰਨ ਦੀ ਪੇਸ਼ਕਸ਼ ਕੀਤੀ ਗਈ ਹੈ।
<table>
<tr><th>Sr. no.</th><th>Phase/Sector</th><th>Roads</th></tr>
<tr><td>1</td><td>Sector-48 C</td><td>1. In front of mandir 30 ft wide road<br>2. side of mandir 22 ft wide road</td></tr>
<tr><td>2</td><td>Sector-65</td><td>1. In front of 546 A to 550 B<br>2. In front of 545 A to 545 C<br>3. In front of 563 A to 573 A<br>4. In front of 562 to 563<br>5. In front of 576 to 570<br>6. Side of 573 A to 574 A<br>7. In front of Double storage shop no. 1 to 22<br>8. In front of 588A to 588 G<br>9. In front of 584 A to Mohali club (24 ft wide service road)</td></tr>
<tr><td>3</td><td>Sector-68</td><td>1. slip road on side of SBI Bank<br>2. Service road in front of SBI Bank</td></tr>
<tr><td>4</td><td>Sector-70</td><td>In front of Homeland heights, Mayfair , Rishi Apartment to petrol pump</td></tr>
</table>
ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td></td></tr>
<tr><td>5)</td><td>124</td><td>18-04-2022</td><td><u>ਸ਼ਹਿਰ ਦੀਆਂ ਏ ਕੈਟਾਗਰੀ ਅਤੇ ਬੀ ਕੈਟਾਗਰੀ ਸੜਕਾਂ ਦੀ ਮਕੈਨੀਕਲ ਸਵੀਪਿੰਗ ਸਬੰਧੀ।</u><br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਹਾਉਸ ਦੇ ਮਤਾਂ ਨੰ. 56 ਮਿਤੀ 26-08-2021 ਰਾਹੀਂ ਸ਼ਹਿਰ ਦੀਆਂ ਏ ਕੈਟਾਗਰੀ ਅਤੇ ਬੀ ਕੈਟਾਗਰੀ ਸੜਕਾਂ ਦੀ ਸਫਾਈ ਮਕੈਨੀਕਲ ਸਵੀਪਿੰਗ ਨਾਲ ਕਰਨਾ ਪ੍ਰਵਾਨ ਕੀਤਾ ਗਿਆ ਸੀ। ਨਗਰ ਨਿਗਮ ਦੇ ਮਤਾ ਨੰ. 62 ਮਿਤੀ 14-09-2021 ਰਾਹੀਂ ਮਕੈਨੀਕਲ ਸਵੀਪਿੰਗ ਦੇ ਕੰਮ ਨੂੰ ਠੇਕੇ ਤੇ ਦੇਣ ਲਈ ਤਖਮੀਨਾ ਤਿਆਰ ਕੀਤਾ ਗਿਆ ਸੀ, ਜਿਸ ਦਾ 3 ਸਾਲ ਦਾ ਖਰਚਾ</td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ। ਇਸ ਸਬੰਧੀ ਸ੍ਰੀ ਸੁਖਦੇਵ ਸਿੰਘ ਪਟਵਾਰੀ, ਮਿਉਂਸਪਲ ਕੌਸਲਰ ਜੀ ਵੱਲੋਂ ਸਪੱਸ਼ਟੀਕਰਨ ਮੰਗਿਆ ਕਿ ਪਹਿਲਾਂ ਇਹ ਕੰਮ ਵੱਧ ਰੇਟ ਤੇ ਪਾਸ ਕਰਵਾਇਆ ਗਿਆ ਸੀ ਤੇ ਹੁਣ ਇਹ ਘੱਟ ਰੇਟ ਤੇ ਕਿਉਂ ਲਿਆਦਾ</td></tr>
</table>

| | | | | |
|---|---|---|---|---|
| | | | 37,09,01,734/- ਰੁਪਏ ਬਣਦੇ ਸੀ ਅਤੇ ਇਸ ਕੰਮ ਨੂੰ 5 ਸਾਲ ਤੱਕ ਵਧਾਇਆ ਜਾ ਸਕਦਾ ਸੀ, ਜਿਸ ਦਾ ਖਰਚਾ 61,81,69,557/- ਰੁਪਏ ਬਣਦੇ ਸੀ। ਉਕਤ ਤਖਮੀਨੇ ਦੀ ਤਕਨੀਕੀ ਪ੍ਰਵਾਨਗੀ ਲੈਣ ਲਈ ਨਗਰ ਨਿਗਮ ਵੱਲੋਂ ਪੱਤਰ ਨੰ. 283 ਮਿਤੀ 11-10-2021 ਰਾਹੀਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜਿਆ ਗਿਆ ਸੀ। ਉਕਤ ਮਤੇ ਸਬੰਧੀ ਮਿਤੀ 14-12-2021 ਨੂੰ ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਦੀ ਪ੍ਰਧਾਨਗੀ ਹੇਠ ਮੀਟਿੰਗ ਹੋਈ, ਜਿਸ ਵਿੱਚ ਫੈਸਲਾ ਲਿਆ ਗਿਆ ਕਿ ਮਕੈਨੀਕਲ ਸਵੀਪਿੰਗ ਦੇ ਕੰਮ ਨੂੰ ਨੈਪਰੇ ਚਾੜਣ ਲਈ ਕੰਮ ਦੀਆਂ specifications ਅਤੇ indicative ਖਰਚਾ ਪ੍ਰਾਪਤ ਕਰਨ ਲਈ ਵਿਆਪਕ ਪ੍ਰਚਾਰ ਕਰਦੇ ਹੋਏ SOP ਦੀਆਂ ਹਦਾਇਤਾ ਨੂੰ ਧਿਆਨ ਵਿੱਚ ਰੱਖਦੇ ਹੋਏ clause 4.1 ਅਨੁਸਾਰ EOI ਕਾਲ ਕੀਤੀ ਜਾਵੇ।<br>ਉਕਤ ਹੁਕਮਾਂ ਦੀ ਪਾਲਣਾ ਵਿੱਚ ਨਗਰ ਨਿਗਮ ਵੱਲੋਂ ਆਪਣੇ ਟੈਂਡਰ ਨੋਟਿਸ ਨੰ. 359 ਮਿਤੀ 14-12-2021 ਰਾਹੀਂ EOI ਕਾਲ ਕੀਤੀ ਗਈ ਸੀ। ਇਸ EOI ਵਿੱਚ 8 ਕੰਪਨੀਆਂ ਵੱਲੋਂ ਭਾਗ ਲਿਆ ਗਿਆ। ਦਫਤਰ ਵੱਲੋਂ ਗਠਿਤ ਕੀਤੀ ਗਈ ਕਮੇਟੀ ਵੱਲੋਂ video conference ਰਾਹੀਂ ਇਹਨਾਂ 8 ਕੰਪਨੀਆਂ ਦੀ ਮਸ਼ੀਨਾ ਦੀ demonstration online ਦੇਖੀ ਗਈ। ਇਸ ਉਪਰੰਤ ਇਹਨਾਂ ਸਾਰੀਆਂ ਕੰਪਨੀਆਂ ਦੀ financial bid ਖੋਲੀ ਗਈ। ਇਹਨਾਂ 8 ਕੰਪਨੀਆਂ ਵਿੱਚ 1 ਕੰਪਨੀ ਵੱਲੋਂ 710 ਰੁਪਏ ਪ੍ਰਤੀ ਕਿਲੋ.ਮੀ./ ਪ੍ਰਤੀ ਦਿਨ ਦਾ ਰੇਟ ਪ੍ਰਾਪਤ ਹੋਇਆ ਹੈ। ਜਿਸ ਵਿੱਚ ਕੰਪਨੀ ਵੱਲੋਂ ਆਪਣੇ ਪਧਰ ਤੇ ਮਸ਼ੀਨ ਅਤੇ ਓ.ਐਡ.ਐਮ ਦਾ ਸਾਰਾ ਖਰਚਾ ਕੀਤਾ ਜਾਵੇਗਾ। ਇਸ ਉਪਰੰਤ ਨਗਰ ਨਿਗਮ ਵੱਲੋਂ ਸਭ ਤੋਂ ਘੱਟ ਪਾਏ ਗਏ 710 ਰੁਪਏ ਪ੍ਰਤੀ ਕਿਲੋ.ਮੀ./ ਪ੍ਰਤੀ ਦਿਨ ਦੇ ਰੇਟ ਅਤੇ 5 ਸਾਲਾ ਦਾ 22.87 ਕਰੋੜ ਰੁਪਏ ਦਾ ਤਖਮੀਨਾ ਤਿਆਰ ਕਰਕੇ ਪੱਤਰ ਨੰ. 133 ਮਿਤੀ 17-03-2022 ਰਾਹੀਂ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਭੇਜਿਆ ਗਿਆ ਸੀ। ਇਸ ਸਬੰਧੀ ਮੁੱਖ ਇੰਜੀਨੀਅਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਵੱਲੋਂ ਆਪਣੇ ਪੱਤਰ ਨੰ. 12943-45 ਮਿਤੀ 07-04-2022 ਰਾਹੀਂ ਉਕਤ ਕੰਮ ਦੀ 3 ਸਾਲਾ ਲਈ ਰਕਮ 12,72,86,166/- ਰੁਪਏ ਦੀ ਤਕਨੀਕੀ ਪ੍ਰਵਾਨਗੀ ਦਿੱਤੀ ਗਈ ਹੈ। ਸੋ ਉਕਤ ਰਿਪੋਰਟ ਨਗਰ ਨਿਗਮ ਦੀ ਹਾਊਸ ਦੀ ਮੀਟਿੰਗ ਵਿੱਚ ਵਿਚਾਰਨ ਹਿੱਤ ਪੇਸ਼ ਹੈ ਜੀ।<br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ। | ਗਿਆ ਹੈ, ਜਿਸ ਤੇ ਮੇਅਰ ਸਾਹਿਬ ਵੱਲੋਂ ਦੱਸਿਆ ਗਿਆ ਕਿ ਸਰਕਾਰ ਦੀਆਂ ਹਦਾਇਤਾਂ ਅਨੁਸਾਰ **EOI** ਕਾਲ ਕਰਨ ਉਪਰੰਤ ਸਭ ਤੋਂ ਘੱਟ ਪਾਏ ਗਏ ਰੇਟਾਂ ਦਾ ਤਖਮੀਨਾ ਤਿਆਰ ਕਰਕੇ ਸਥਾਨਕ ਸਰਕਾਰ ਵਿਭਾਗ ਦੀ ਤਕਨੀਕੀ ਪ੍ਰਵਾਨਗੀ ਉਪਰੰਤ ਹੀ ਇਸ ਮਤੇ ਨੂੰ ਹਾਊਸ ਵਿੱਚ ਲਿਆਂਦਾ ਗਿਆ ਹੈ। ਸ਼ਹਿਰ ਵਿੱਚ ਸਫ਼ਾਈ ਦੀ ਸਥਿਤੀ ਵਿੱਚ ਸੁਧਾਰ ਕਰਨਾ ਜਰੂਰੀ ਹੈ। ਇਸ ਲਈ ਇਸ ਕੰਮ ਨੂੰ ਕਰਵਾਉਣਾ ਅਤਿ ਜਰੂਰੀ ਹੈ।<br>ਇਸ ਉਪਰੰਤ ਸ੍ਰੀ ਮਨਜੀਤ ਸਿੰਘ ਸੇਠੀ ਜੀ ਵੱਲੋਂ ਸ਼ਹਿਰ ਦੀਆਂ ਸੀ-ਸੜਕਾਂ ਉਤੇ ਕੰਮ ਕਰ ਰਹੇ ਸਫ਼ਾਈ ਸੇਵਕਾਂ ਨੂੰ ਹਟਾ ਕੇ ਏ-ਸੜਕਾਂ ਉਤੇ ਲਗਾਉਣ ਸਬੰਧੀ ਇਤਰਾਜ ਪ੍ਰਗਟ ਕੀਤਾ ਗਿਆ। ਜਿਸ ਤੇ ਮੇਅਰ ਸਾਹਿਬ ਵੱਲੋਂ ਦੱਸਿਆ ਗਿਆ ਕਿ ਨਗਰ ਨਿਗਮ ਵੱਲੋਂ ਮੈਨੂਅਲ ਸਵੀਪਿੰਗ ਦੇ ਟੈਂਡਰ ਕਾਲ ਕੀਤੇ ਗਏ ਹਨ ਅਤੇ ਅਤੇ ਮਕੈਨੀਕਲ ਸਵੀਪਿੰਗ ਦੇ ਟੈਂਡਰ ਕਾਲ ਕੀਤੇ ਜਾ ਰਹੇ ਹਨ। ਮਕੈਨੀਕਲ ਸਵੀਪਿੰਗ ਦਾ ਟੈਂਡਰ ਨੇਪਰੇ ਚਾੜ੍ਹਨ ਉਪਰੰਤ ਠੇਕਾ ਅਧਾਰਿਤ ਸਫ਼ਾਈ ਸੇਵਕਾਂ ਤੋਂ ਏ ਅਤੇ ਬੀ ਸੜਕਾਂ ਦੀ ਸਫ਼ਾਈ ਦਾ ਕੰਮ ਨਹੀ ਲਿਆ ਜਾਵੇਗਾ। |
| 6) | 125 | 18-04-2022 | **The Control of Dengue, Malaria and other Vector Borne Diseases Urban Bye-Laws ਨੋਟੀਫਾਈ ਕਰਵਾਉਣ ਸਬੰਧੀ।**<br><br>ਰਿਪੋਰਟ ਸੈਨੀਟੇਸ਼ਨ ਸਾਖਾ ਕਿ ਵਿ.ਅ.ਪੱ. ਮਾਨਯੋਗ ਡਿਪਟੀ ਡਾਇਰੈਕਟਰ, ਸਥਾਨਕ | ਸਰਬ-ਸੰਮਤੀ ਨਾਲ ਪ੍ਰਵਾਨ ਹੈ। |

<table>
<tr><td></td><td></td><td></td><td>ਸਰਕਾਰ ਵਿਭਾਗ, ਪੰਜਾਬ ਵੱਲੋ ਪ੍ਰਾਪਤ ਹੋਇਆ ਹੈ, ਜਿਸ ਰਾਹੀ ਉਹਨਾਂ ਵੱਲੋਂ ਪੰਜਾਬ ਰਾਜ ਵਿੱਚ ਡੇਂਗੂ ਅਤੇ ਹੋਰ Vector Borne Diseases ਦੀ ਰੋਕਥਾਮ ਸਬੰਧੀ ਬਾਏਲੈਜ਼ 2018 ਦੀ ਮਾਡਲ ਡਰਾਫਟ ਕਾਪੀ ਭੇਜਦੇ ਹੋਏ ਲਿਖਿਆ ਹੈ ਕਿ ਇਹਨਾਂ ਬਾਏਲੋਜ਼ ਵਿੱਚ ਢੁੱਕਵੀ ਸੋਧ ਕਰਦੇ ਹੋਏ ਜ਼ਾਰੀ ਕਰਵਾ ਦਿੱਤੇ ਜਾਣ ਅਤੇ ਨੋਟੀਫਿਕੇਸ਼ਨ ਕਰਵਾਉਣ ਉਪਰੰਤ ਇੱਕ ਕਾਪੀ ਸਥਾਨਕ ਸਰਕਾਰ ਵਿਭਾਗ ਨੂੰ ਅਤੇ ਇੱਕ ਕਾਪੀ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਨੂੰ ਭੇਜਣੀ ਯਕੀਨੀ ਬਣਾਈ ਜਾਵੇ।<br><br>ਉਪਰੋਕਤ ਸਬੰਧੀ ਦੱਸਿਆ ਜਾਦਾਂ ਹੈ ਕਿ ਨਗਰ ਨਿਗਮ ਵੱਲੋਂ ਸਰਕਾਰ ਵੱਲੋ ਭੇਜੇ ਗਏ ਬਾਏਲੈਜ਼ 2018 ਦੇ ਮਾਡਲ ਡਰਾਫਟ ਵਿੱਚ ਢੁੱਕਵੀ ਸੋਧ ਕਰ ਦਿੱਤੀ ਗਈ ਹੈ ਅਤੇ ਬਾਏਲੋਜ਼ ਦੇ ਲੜੀ ਨੰ-16 ਵਿੱਚ ਚਲਾਨ ਦੀ ਰਕਮ ਸਬੰਧੀ ਫੈਸਲਾ ਲਿਆ ਜਾਣਾ ਹੈ। ਇੱਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਸ਼ਹਿਰ ਵਿੱਚ ਰਿਹਾਇਸ਼ੀ ਏਰੀਆ, ਕਮਰਸ਼ੀਅਲ ਏਰੀਆ ਅਤੇ ਉਸਾਰੀ ਅਧੀਨ ਬਿਲਡਿੰਗਾ ਵਿੱਚ ਮੱਛਰ ਪਣਪਦਾ ਹੈ। ਇਸ ਲਈ ਉਪਰੋਕਤ ਦਰਸਾਇਆਂ ਥਾਵਾਂ ਤੇ ਹੇਠ ਅਨੁਸਾਰ ਚਲਾਨ ਦੀ ਰਕਮ ਨਿਰਧਾਰਤ ਕਰਨ ਲਈ ਵਿਚਾਰਨ ਹਿੱਤ :-<br>
<table>
<tr><th>Sr.no</th><th>Sites</th><th>Amount of Challan in rupees</th></tr>
<tr><td>1</td><td>Residential & Under construction residential sites</td><td>200/-</td></tr>
<tr><td>2</td><td>Constructed & Under construction Industrial & Commercial sites</td><td>500/-</td></tr>
<tr><td>3</td><td>Constructed & Under construction malls, multiplexes</td><td>1000/-</td></tr>
</table>
<br>ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸੋਧਿਆ ਹੋਇਆ ਬਾਏਲੈਜ਼ 2018 ਦੇ ਮਾਡਲ ਡਰਾਫਟ ਦਾ ਖਰੜਾ ਅਤੇ ਟੇਬਲ ਵਿੱਚ ਦਰਸਾਈਆ ਥਾਵਾਂ ਦੇ ਚਲਾਨ ਕਰਨ ਲਈ ਰਕਮ ਨਿਰਧਾਰਤ ਕਰਨ ਲਈ ਮਾਨਯੋਗ ਕਮਿਸ਼ਨਰ, ਨਗਰ ਨਿਗਮ ਜੀ ਦੀ ਪ੍ਰਵਾਨਗੀ ਉਪਰੰਤ ਨਗਰ ਨਿਗਮ ਦੇ ਮਾਯਨੋਗ ਹਾਊਸ ਵਿੱਚ ਵਿਚਾਰਨ ਹਿੱਤ ਜੀ।<br><br>ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।</td><td></td></tr>
<tr><td>7)</td><td>126</td><td>18-04-2022</td><td><u>ਲੁੱਕ ਦੇ ਰੇਟ ਵੱਧਣ ਕਾਰਨ ਤਖਮੀਨਾ ਰਾਸ਼ੀ ਵਿੱਚ ਵਾਧਾ ਪ੍ਰਵਾਨ ਕਰਨ ਸਬੰਧੀ ।</u><br>ਰਿਪੋਰਟ ਇੰਜ: ਸ਼ਾਖਾ ਕਿ ਵਿਸ਼ੇ ਸਬੰਧੀ ਦੱਸਿਆ ਜਾਦਾ ਹੈ ਕਿ ਹੇਠ ਲਿਖੇ ਕੰਮ ਚੀਫ ਇੰਜੀਨੀਅਰ ਸਥਾਨਕ ਸਰਕਾਰ ਵਿਭਾਗ ਜੀ ਨੂੰ ਵੈਟਿੰਗ ਲਈ ਭੇਜੇ ਗਏ ਸਨ । ਲੁੱਕ ਦੇ ਰੇਟਾਂ ਵਿੱਚ ਵਾਧਾ ਹੋਣ ਕਾਰਨ ਇਨਾਂ</td><td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td></tr>
</table>

<table>
<tr>
<td></td>
<td></td>
<td></td>
<td>
ਕੰਮਾ ਦੀ ਅਨੁਮਾਨਤ ਲਾਗਤ ਨਾਲ ਦਰਸਾਏ ਅਨੁਸਾਰ ਵੱਧ ਗਈ ਹੈ:-
<table>
<tr><th>Sr. No</th><th>Name of Work</th><th>Est. Amount as approved by MC (In lacs)</th><th>Estimate Amount As Approved By chief engineer</th></tr>
<tr><td>1</td><td>P/L of 30mm thick BC in Sector-79, MC, S.A.S Nagar.</td><td>451</td><td>4,58,74,751/-</td></tr>
<tr><td>2</td><td>P/L of 30mm thick BC in Sector-78, MC, S.A.S Nagar.</td><td>283</td><td>2,90,22,543/-</td></tr>
<tr><td>3</td><td>P/L of 30mm thick BC in Sector-77, MC, S.A.S Nagar.</td><td>272</td><td>2,78,00,393/-</td></tr>
</table>
ਸੋ ਉਕਤ ਅਨੁਸਾਰ ਕੰਮਾਂ ਦੀ ਐਸਟੀਮੈਟ ਕਾਸਟ ਪ੍ਰਵਾਨ ਕਰਨ ਲਈ ਕੇਸ਼ ਹਾਊਸ ਦੀ ਪ੍ਰਵਾਨਗੀ ਹਿੱਤ ਪੇਸ਼ ਹੈ ਜੀ ।<br>
ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।
</td>
<td></td>
</tr>
<tr>
<td>8)</td>
<td>127</td>
<td>18-04-2022</td>
<td>
<u>ਵਿਕਾਸ ਦੇ ਕੰਮਾ ਦੇ ਤਖਮੀਨੇਂ ਵਿੱਚ ਵਾਧਾ ਕਰਨ ਸੰਬਧੀ।</u><br>
ਰਿਪੋਰਟ ਇੰਜ: ਸਾਖਾ ਕਿ ਵਿਸ਼ੇ ਸੰਬਧੀ ਹੇਠ ਲਿਖੇ ਕੰਮ ਵੱਖ-ਵੱਖ ਵਿੱਤ ਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ: 14-09-2021 ਵਿੱਚ ਪਾਸ ਕੀਤੇ ਗਏ ਸਨ। ਇਹਨਾਂ ਕੰਮਾਂ ਦੇ ਵਰਕ ਆਰਡਰ 21-03-2022 ਨੂੰ ਕੀਤੇ ਗਏ ਹਨ। ਇਸ ਦੌਰਾਨ ਲੁੱਕ ਦੇ ਰੇਟਾਂ ਵਿੱਚ ਕਾਫੀ ਵਾਧਾ ਹੋਇਆ ਹੈ। ਕੰਮ ਕਰਵਾਉਣ ਸਮੇਂ ਐਸਟੀਮੈਂਟ ਵਿੱਚ ਲਿਆ ਗਿਆ ਏਰੀਆ ਪੂਰਾ ਨਹੀ ਕੀਤਾ ਜਾ ਸਕਦਾ ਹੈ। ਸੋ ਜੇਕਰ ਪ੍ਰਵਾਨ ਹੋਵੇ ਤਾਂ ਹੇਠ ਲਿਖੇ ਵਿਕਾਸ ਦੇ ਕੰਮਾਂ ਦੇ ਤਖਮੀਨੇਂ ਵਿੱਚ 10%ਵਾਧਾ ਕਰਨ ਹਿੱਤ ਰਿਪੋਰਟ ਹਾਊਸ ਦੀ ਮੀਟਿੰਗ ਦੇ ਵਿਚਾਰ ਹਿੱਤ ਪੇਸ਼ ਹੈ ਜੀ।
<table>
<tr><th>Sr.No</th><th>Name of Work</th><th>Estimate Cost in lacs</th><th>Work order No/ Date</th></tr>
<tr><td>1.</td><td>P/L of 30mm thick BC sec-76</td><td>52.84</td><td>1181/ 21.03.2022</td></tr>
<tr><td>2.</td><td>P/L of 30mm thick BC sec-77</td><td>2.78 Cr</td><td>1179/ 21.03.2022</td></tr>
<tr><td>3.</td><td>P/L of 30mm thick BC sec-78</td><td>2.90 Cr</td><td>1180/ 21.03.2022</td></tr>
<tr><td>4.</td><td>P/L of 30mm thick BC sec-79</td><td>4.58Cr</td><td>1066/ 31.12.2021</td></tr>
</table>
</td>
<td>ਸਰਬ-ਸੰਮਤੀ ਨਾਲ ਪ੍ਰਵਾਨ ਹੈ।</td>
</tr>
</table>

<table>
<tr>
<td></td>
<td></td>
<td></td>
<td>
<table>
<tr><td>5.</td><td>P/L of 30mm thick BC in sec-80</td><td>3.21 Cr</td><td>1067/<br>31.12.2021</td></tr>
<tr><td>6.</td><td>P/L of 30mm BC in ind area phase-8B</td><td>2.35</td><td>893/<br>15.112021</td></tr>
<tr><td>7.</td><td>P/L of 25mm thick SDBC in ward no-13, phase-9</td><td>48..26</td><td>857/<br>12.10.2021</td></tr>
<tr><td>8.</td><td>P/L of 25mm thick SDBC in HM,HL,HIG houses ward no-14, phase-9</td><td>23.41</td><td>808/<br>20.09.2021</td></tr>
</table>
ਉਕਤ ਕੇਸ ਕਮਿਸ਼ਨਰ ਜੀ ਦੀ ਪ੍ਰਸ਼ਾਸਕੀ ਪ੍ਰਵਾਨਗੀ ਉਪਰੰਤ ਮੇਅਰ ਜੀ ਦੀ ਪ੍ਰਵਾਨਗੀ ਨਾਲ ਨਗਰ ਨਿਗਮ ਦੇ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।
</td>
<td></td>
</tr>
</table>

ਸਹੀ/–
ਮੇਅਰ,
ਨਗਰ ਨਿਗਮ, ਐਸ.ਏ.ਐਸ ਨਗਰ।